# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਤਹਿਬਜ਼ਾਰੀ ਟੀਮ ਵੱਲੋਂ ਨਜ਼ਾਇਜ ਕਬਜ਼ੇ ਹਟਾਉਣ ਦੀ ਮੁੰਹਿਮ ਨੂੰ ਤੇਜ਼ ਕਰਦੇ ਹੋਏ ਮੌਕੇ 4 ਚਲਾਨ ਕੱਟੇ.......... ਕਾਰਜ ਸਾਧਕ ਅਫਸਰ ਰਮੇਸ ਕੁਮਾਰ

ਹੁਸ਼ਿਆਰਪੁਰ 02 ਜੁਲਾਈ          ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਜਾਇਜ਼ ਕਬਜ਼ੇ ਹਟਾਉਣ ਲਈ ਤਹਿਬਾਜ਼ਾਰੀ ਦੀ ਟੀਮ ਵੱਲੋਂ ਮੁਹਿੰਮ ਨੂੰ ਤੇਜ਼ ਕਰਦੇ ਹੋਏ ਅੱਜ ਇੰਸਪੈਕਟਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਨਗਰ ਨਿਗਮ ਦੀ ਤਹਿਬਜ਼ਾਰੀ ਟੀਮ ਨੇ ਵੱਖ-ਵੱਖ ਬਜ਼ਾਰਾਂ ਬਹਾਦੁਰਪੁਰ ਚੌਂਕ, ਗੌਰਾਂ ਗੇਟ, ਕੋਤਵਾਲੀ ਬਜ਼ਾਰ, ਕਸ਼ਮੀਰੀ ਬਜ਼ਾਰ, ਪ੍ਰਤਾਪ ਚੌਂਕ, ਕਣਕ ਮੰਡੀ, ਗਊਸ਼ਾਲਾ ਬਜਾਰ, ਅਫਗਾਨ ਰੋਡ, ਬੱਸੀ ਖਵਾਜੂ ਦਾ ਦੌਰਾ ਕੀਤਾ ਅਤੇ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਹਟਾਏ ਕੁਝ ਦੁਕਾਨਦਾਰਾਂ ਦਾ ਸਮਾਨ ਕਬਜ਼ੇ ਵਿੱਚ ਲਿਆ ਅਤੇ ਮੌਕੇ ਤੇ ਹੀ 4 ਦੁਕਾਨਦਾਰਾਂ ਦੇ ਚਲਾਨ ਕੱਟੇ ਉਹਨਾਂ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਰੱਖਣ ਅਜਿਹਾ ਨਾ ਕਰਨ ਵਾਲੇ ਦੁਕਾਨਦਾਰਾਂ ਦੇ ਮੌਕੇ ਤੇ ਹੀ ਚਲਾਨ ਕੱਟੇ ਜਾਣਗੇ। ਇੰਸਪੈਕਟਰ ਸੰਜੀਵ ਅਰੋੜ ਦੀ ਅਗਵਾਈ ਗਈ ਤਹਿਬਜ਼ਾਰੀ ਟੀਮ ਵਿੱਚ ਸੰਨੀ,ਗੋਲਡੀ, ਕੁਲਵਿੰਦਰ ਸਿੰਘ, ਗੋਰਵ ਸ਼ਰਮਾ, ਅਮਨਦੀਪ ਅਤੇ ਪੁਲਿਸ ਵਿਭਾਗ ਦੇ ਕਰਮਚਾਰੀ ਵੀ ਸ਼ਾਮਿਲ ਸਨ।